# ਅੱਖਰ

ਜਨਵਰੀ-ਫਰਵਰੀ-ਮਾਰਚ
2026

ਉਨ੍ਹਾਂ ਦੇ ਬੇਤੁਕੇ ਹਾਸੇ 'ਚ ਹੱਸਿਆ ਨਾ ਗਿਆ ਮੈਥੋਂ
ਕਦੇ ਵੀ ਰਿਸ਼ਤਿਆਂ ਦਾ ਮਾਣ ਰੱਖਿਆ ਨਾ ਗਿਆ ਮੈਥੋਂ

ਸੁਨਹਿਰੀ ਤਾਜ ਧਰਨਾ ਸੀ ਮੇਰੇ ਸਿਰ 'ਤੇ ਉਨ੍ਹਾਂ ਨੇ, ਪਰ
ਉਨ੍ਹਾਂ ਦੀ ਸ਼ਰਤ ਸੀ ਝੁਕਣਾ ਤੇ ਝੁਕਿਆ ਨਾ ਗਿਆ ਮੈਥੋਂ

ਤੁਸੀਂ ਚੇਤੇ 'ਚੋਂ ਮੇਟਣ ਦੀ ਬੜੀ ਕੋਸ਼ਿਸ਼ ਰਹੇ ਕਰਦੇ
ਜ਼ਰਾ ਡੂੰਘਾ ਸਾਂ ਖੁਣਿਆ ਮੈਂ ਸੋ ਮਿਟਿਆ ਨਾ ਗਿਆ ਮੈਥੋਂ

ਨਮੀ ਨੈਣਾਂ 'ਚ ਏਨੀ ਸੀ ਕਿ ਭਾਂਬੜ ਬਣ ਹੀ ਨਾ ਸਕਿਆ
ਤਦੇ ਹੀ ਬੁਝ ਗਿਆ ਹਾਂ, ਰੋਜ਼ ਧੁਖ਼ਿਆ ਨਾ ਗਿਆ ਮੈਥੋਂ

ਕਲਮ ਆਪਣੀ ਦੀ ਨਜ਼ਰੋਂ ਵੀ ਮੈਂ ਗਿਰ ਕੇ ਵੇਖਿਆ, ਫਿਰ ਵੀ
ਕੋਈ ਹਾਕਮ ਦੇ ਹੱਕ ਵਿੱਚ ਗੀਤ ਲਿਖਿਆ ਨਾ ਗਿਆ ਮੈਥੋਂ

ਜਦੋਂ ਤੱਕ ਆਖਿਆ ਪਰਤਣ ਨੂੰ ਤੂੰ ਮੈਨੂੰ, ਉਦੋਂ ਤੀਕਰ
ਮੈਂ ਜਾ ਚੁੱਕਾ ਸਾਂ ਬਾਹਲ਼ੀ ਦੂਰ, ਮੁੜਿਆ ਨਾ ਗਿਆ ਮੈਥੋਂ

- ਰਮਨ ਸੰਧੂ

Akhar
17

₹ 150/-

Scanned with OKEN Scanner

# ਤਰਤੀਬ


* ਸੰਪਾਦਕੀ — ਡਾ. ਕਰਨੈਲ ਸ਼ੇਰਗਿੱਲ ਯੂ.ਕੇ. 3
* ਕਵਿਤਾਵਾਂ — ਡਾ. ਮਨਮੋਹਨ 4
* ਗ਼ਜ਼ਲਾਂ — ਪ੍ਰੋ. ਲਖਵਿੰਦਰ ਲੱਕੀ 6
* ਕਵਿਤਾਵਾਂ — ਗੁਰਚਰਨ ਸੱਗੂ ਯੂ.ਕੇ. 7
* ਕਵਿਤਾਵਾਂ — ਯਤਿੰਦਰ ਮਾਹਲ 9
* ਹਿੰਦੀ ਕਵਿਤਾਵਾਂ : ਰਾਜੇਸ਼ਵਰ ਵਸਿਸਠ — ਅਨੁਵਾਦ : ਨੀਲਮ ਸ਼ਰਮਾ 'ਅੰਸ਼ੂ' 10
* ਕਹਾਣੀ – ਜਿਪਸੀ — ਪ੍ਰੇਮ ਮਾਨ 15
* ਕਹਾਣੀ – ਅੱਧੀ ਧੁੱਪ ਅੱਧੀ ਛਾਂ — ਸਿਮਰਨ ਧਾਲੀਵਾਲ 23
* ਰਿਵੀਊ ਪੈਨਲ ਦੀ ਪੇਸ਼ਕਸ਼–ਆਧੁਨਿਕ ਕਹਾਣੀ ਦੇ ਚਿਹਨ–ਚੱਕਰ — ਜਗਜੀਤ ਬਰਾੜ 26
* ਹਿੰਦੀ ਕਹਾਣੀ : ਢੁਕਨੀ / ਨੀਰਜ ਨੀਰ — ਅਨੁਵਾਦ : ਅਮਰਜੀਤ ਕੌਂਕੇ 40
* ਕਹਾਣੀ – ਭਟਕਣਾ — ਸਨੀ ਵਰਮਾ 44
* ਹਿੰਦੀ ਕਹਾਣੀ : ਮੀਰਾਂ, ਪਿਤਾ ਜੀ ਅਤੇ ਮਾਸੂਮ ਚਿਤਰਕਾਰ / ਅਨੁਰਾਗ ਅਨੰਦਤ 48
  ਅਨੁਵਾਦ : ਗੁਰਮੀਤ ਕੜਿਆਲਵੀ
* ਪਰਵਾਸੀ ਨਹੀਂ : ਵਤਨੋਂ ਦੂਰ ਪੰਜਾਬੀ ਸਾਹਿਤ — ਦਵਿੰਦਰ ਕੌਰ (ਡਾ.) 56
* ਇਕ ਚਿੱਠੀ ਸੁਰਿੰਦਰ ਸੀਹਰਾ ਦੇ ਨਾਂ — ਗੁਰਪਾਲ ਸਿੰਘ 60
* ਮੁਲਾਕਾਤ - ਸੰਪਾਦਕ ਦੇ ਸਵਾਲ ਤੇ ਅੰਬਰੀਸ਼ ਦੇ ਜਵਾਬ 64
* ਸਜ਼ਾ ਕੇਂਦਰ (ਸੱਚ ਤੇ ਅਧਾਰਤ ਵਾਰਤਾ) — ਦਲਵੀਰ ਕੌਰ (ਇੰਗਲੈਂਡ) 67
* ਕਵਿਤਾ – ਹਨ੍ਹੇਰਾ-ਮਨ — ਕਿਰਪਾਲ ਪੂੰਨੀ ਯੂ.ਕੇ. 70
* ਉਮਰਾਂ ਦੀ ਲੀਲਾ — ਮੋਹਨਜੀਤ 71


Scanned with OKEN Scanner